## ਦੇਖ-ਭਾਲ ਅਤੇ ਸਹਾਇਤਾ ਖੇਤਰ ਵਿੱਚ ਕੰਮ ਕਰਨਾ

ਦੇਖ-ਭਾਲ ਅਤੇ ਸਹਾਇਤਾ ਖੇਤਰ, ਆਸਟ੍ਰੇਲੀਆ ਦੇ ਸਭ ਤੋਂ ਤੇਜ਼ੀ ਨਾਲ ਵੱਧ ਰਹੇ ਨੌਕਰੀਆਂ ਦੇ ਬਾਜ਼ਾਰਾਂ ਵਿੱਚੋਂ ਇੱਕ ਹੈ। ਬਜ਼ੁਰਗਾਂ ਦੀ ਦੇਖ-ਭਾਲ, ਅਪੰਗਤਾ ਸਹਾਇਤਾ ਅਤੇ ਸਾਬਕਾ ਫੌਜੀਆਂ ਦੀ ਦੇਖ-ਭਾਲ ਵਿੱਚ ਹੁਣ ਨੌਕਰੀਆਂ ਉਪਲੱਬਧ ਹਨ।

## ਦੇਖ-ਭਾਲ ਅਤੇ ਸਹਾਇਤਾ ਵਿੱਚ ਕੰਮ ਕਰਨ ਦੀ ਚੋਣ ਕਿਉਂ ਕੀਤੀ ਜਾਵੇ?

ਦੇਖ-ਭਾਲ ਅਤੇ ਸਹਾਇਤਾ ਖੇਤਰ ਵਿੱਚ ਕੰਮ ਕਰਨਾ ਮਹੱਤਵਪੂਰਣ ਹੈ, ਕਿਉਂਕਿ ਇਹ ਉਨ੍ਹਾਂਲੋਕਾਂ ਦੇ ਜੀਵਨ ਵਿੱਚ ਸੁਧਾਰ ਕਰਦਾ ਹੈ ਜਿੰਨ੍ਹਾਂ ਦੇ ਨਾਲ ਤੁਸੀਂ ਕੰਮ ਕਰਦੇ ਹੋ। ਇਹ ਤੁਹਾਨੂੰ ਨਿੱਜੀ ਅਤੇ ਪੇਸ਼ੇਵਰ ਦੋਵਾਂ ਤਰ੍ਹਾਂ ਦੇ ਬਹੁਤ ਸਾਰੇ ਲਾਭ ਵੀ ਪ੍ਰਦਾਨ ਕਰ ਸਕਦਾ ਹੈ।

ਇਹ ਬਹੁਤ ਸਾਰੇ ਮੌਕਿਆਂ ਵਾਲਾ ਇੱਕਵਧ ਰਿਹਾ ਖੇਤਰ ਹੈ। ਇਹ ਕੰਮ ਦੇ ਘੰਟਿਆਂ ਅਤੇ ਕੰਮ ਦੇ ਪ੍ਰਬੰਧਾਂ ਵਿੱਚ ਲਚਕਤਾ ਦੀ ਪੇਸ਼ਕਸ਼ ਕਰਦਾ ਹੈ, ਜਿਸ ਨਾਲ ਤੁਸੀਂ ਕੰਮ ਅਤੇ ਘਰੇਲੂ ਜੀਵਨ, ਜਾਂ ਕੰਮ ਅਤੇ ਪੜ੍ਹਾਈ ਨੂੰ ਸੰਤੁਲਿਤ ਕਰ ਸਕਦੇ ਹੋ।

ਕੰਮ ਵੱਖ-ਵੱਖ ਤਰ੍ਹਾਂ ਦਾ ਹੈ, ਜਿਸ ਵਿੱਚ ਵਿਆਪਕ ਤਰੀਕੇ ਦੀਆਂ ਭੂਮਿਕਾਵਾਂ ਅਤੇ ਪੇਸ਼ੇ ਦੇ ਰਸਤੇ ਹਨ। ਇਨ੍ਹਾਂ ਭੂਮਿਕਾਵਾਂ ਅੰਦਰ, ਇੱਕ ਦਿੰਨ ਅਕਸਰ ਅਗਲੇ ਦਿੰਨ ਵਰਗਾ ਨਹੀਂ ਹੋਵੇਗਾ।

ਦੇਖ-ਭਾਲ ਅਤੇ ਸਹਾਇਤਾ ਕਰਮਚਾਰੀ ਅਕਸਰ ਉਨ੍ਹਾਂਲੋਕਾਂ ਨਾਲ ਫ਼ਲਦਾਇਕਰਿਸ਼ਤੇ ਬਣਾਉਂਦੇ ਹਨ ਜਿੰਨ੍ਹਾਂ ਦੀ ਉਹ ਸਹਾਇਤਾ ਕਰਦੇ ਹਨ।

ਤੁਸੀਂ ਉਨ੍ਹਾਂ ਲੋਕਾਂ ਨਾਲ ਕੰਮ ਕਰੋਗੇ ਜਿੰਨ੍ਹਾਂ ਨੂੰ ਤੁਸੀਂ ਉਨ੍ਹਾਂ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਉਨ੍ਹਾਂ ਦੇ ਹੁਨਰਾਂ, ਆਜ਼ਾਦੀ, ਖੁਸ਼ੀ ਅਤੇ ਸਮਰੱਥਾ ਨੂੰ ਬਨਾਉਣ ਜਾਂ ਬਣਾਈ ਰੱਖਣ ਵਿੱਚ ਸਹਾਇਤਾਕਰੋਗੇ। ਜੋ ਕੰਮ ਤੁਸੀਂ ਕਰਦੇ ਹੋ ਉਸ ਨਾਲ ਫ਼ਰਕ ਪਵੇਗਾ।

## ਮੈਂ ਕਿਸ ਨੂੰ ਦੇਖ-ਭਾਲ ਅਤੇ ਸਹਾਇਤਾ ਦੇਵਾਂਗਾ ?

ਦੇਖ-ਭਾਲ ਅਤੇ ਸਹਾਇਤਾ ਖੇਤਰ ਵਿੱਚ, ਤੁਸੀਂ ਬਜ਼ੁਰਗ ਲੋਕਾਂ ਨਾਲ ਕੰਮ ਕਰ ਸਕਦੇ ਹੋ, ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਸੁਤੰਤਰ ਰਹਿਣ ਵਿੱਚ ਸਹਾਇਤਾ ਕਰ ਸਕਦੇ ਹੋ, ਜਾਂ ਰਿਹਾਇਸ਼ੀ ਬਜ਼ੁਰਗਾਂ ਦੀ ਦੇਖਭਾਲ ਵਿੱਚ ਆਰਾਮਦਾਇਕ ਮਹਿਸੂਸ ਕਰਵਾ ਸਕਦੇ ਹੋ।

ਤੁਸੀਂ ਅਪੰਗਤਾ ਵਾਲੇ ਲੋਕਾਂ ਨਾਲ ਵੀ ਕੰਮ ਕਰ ਸਕਦੇ ਹੋ, ਉਨ੍ਹਾਂ ਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ, ਉਨ੍ਹਾਂ ਦੀਆਂ ਸਮਰੱਥਾਵਾਂ ਵਿਕਸਤ ਕਰਨ ਅਤੇ ਸੁਤੰਤਰਤਾ ਦਾ ਨਿਰਮਾਣ ਕਰਨ ਵਿੱਚ ਸਹਾਇਤਾ ਕਰ ਸਕਦੇ ਹੋ।

THE CARE AND SUPPORT SECTOR

careandsupportjobs.gov.au

# A LIFE CHANGING LIFE

ਤੁਸੀਂ ਸਾਬਕਾ ਫੌਜੀਆਂ ਨੂੰ ਦੇਖ-ਭਾਲ ਅਤੇ ਸਹਾਇਤਾ ਦੇ ਸਕਦੇ ਹੋ। ਇਹ ਉਹ ਲੋਕ ਹਨ ਜਿਨ੍ਹਾਂ ਨੇ ਆਸਟ੍ਰੇਲੀਆ ਦੇ ਰੱਖਿਆ ਬਲ ਵਿੱਚ ਸੇਵਾ ਕੀਤੀ ਹੈ। ਹੋ ਸਕਦਾ ਹੈ ਕਿ ਉਹ ਕਿਸੇ ਵੀ ਉਮਰ ਜਾਂ ਲਿੰਗ ਦੇ ਹੋਣ, ਕੁਝ ਨੂੰ ਅਪੰਗਤਾ ਹੋ ਸਕਦੀ ਹੈ।

ਤੁਸੀਂ ਵਿਭਿੰਨ ਪਿਛੋਕੜਾਂ, ਸਭਿਆਚਾਰਾਂ ਅਤੇ ਜੀਵਨ ਦੇ ਤਜ਼ਰਬਿਆਂ ਵਾਲੇ ਲੋਕਾਂ ਨਾਲ ਕੰਮ ਕਰ ਸਕਦੇ ਹੋ।

## ਕੰਮ ਕਿਹੋ ਜਿਹਾ ਹੈ?

ਦੇਖ-ਭਾਲ ਅਤੇ ਸਹਾਇਤਾ ਖੇਤਰ ਵਿੱਚ ਕਈ ਕਿਸਮਾਂ ਦੀਆਂ ਨੌਕਰੀਆਂ ਉਪਲੱਬਧ ਹਨ।

### ਨਿੱਜੀ ਦੇਖ-ਭਾਲ ਅਤੇ ਸਹਾਇਤਾ ਕਰਮਚਾਰੀ

ਸਹਾਇਤਾ ਕਰਮਚਾਰੀ ਲੋਕਾਂ ਦੀ ਰੋਜ਼ਾਨਾ ਗਤੀਵਿਧੀਆਂ ਵਿੱਚ ਸਹਾਇਤਾ ਕਰਦੇ ਹਨ ਤਾਂ ਜੋ ਉਹ ਵਧੇਰੇ ਪੂਰੀ ਤਰ੍ਹਾਂ ਅਤੇ ਸੁਤੰਤਰ ਤੌਰ ਤੇ ਰਹਿ ਸਕਣ।

ਵੱਖ-ਵੱਖ ਲੋਕਾਂ ਨੂੰ ਵੱਖ-ਵੱਖ ਕਾਰਨਾਂ ਕਰਕੇ ਸਹਾਇਤਾ ਦੀ ਲੋੜ ਪਵੇਗੀ। ਕੁਝ ਨੂੰ ਨਿੱਜੀ ਕੰਮਾਂ ਜਿਵੇਂ ਕਿ ਨਹਾਉਣਾ, ਸਾਫ-ਸਫਾਈ, ਖਾਣਾ ਖਾਣ ਅਤੇ ਕੱਪੜੇ ਪਹਿਨਣ ਵਿੱਚ ਸਹਾਇਤਾਦੀ ਲੋੜ ਪਵੇਗੀ। ਹੋਰਨਾਂ ਨੂੰ ਭਾਈਚਾਰੇ ਵਿੱਚ ਬਾਹਰ ਜਾਣ ਅਤੇ ਸਮਾਜ ਵਿੱਚ ਮਿਲਣ ਜੁਲਣ, ਜਾਂ ਕੰਮ 'ਤੇ ਜਾਣ ਵਿੱਚ ਸਹਾਇਤਾ ਦੀ ਲੋੜ ਪੈ ਸਕਦੀ ਹੈ। ਤੁਸੀਂ ਕਿਸੇ ਵਿਅੱਕਤੀ ਨੂੰ ਆਪਣੇ ਘਰੇ ਰਹਿਣ ਅਤੇ ਸੰਭਾਲ ਕੇ ਰੱਖਣ ਵਿੱਚ ਸਹਾਇਤਾ ਕਰਨ ਲਈ ਖਰੀਦਦਾਰੀ, ਖਾਣੇ ਦੀ ਤਿਆਰੀ, ਸਫ਼ਾਈ ਜਾਂ ਬਾਗਬਾਨੀ ਵਰਗੇ ਕੰਮ ਕਰ ਸਕਦੇ ਹੋ।

ਵਿਅੱਕਤੀ ਦੀ ਭਲਾਈ, ਕਿਸੇ ਵੀ ਮੁੱਦੇ ਜਾਂ ਉਨ੍ਹਾਂ ਵੱਲੋਂ ਆਪਣੇ ਟੀਚਿਆਂ ਪ੍ਰਤੀ ਕੀਤੀ ਤਰੱਕੀ ਬਾਰੇ ਤੁਹਾਡੇ ਵੱਲੋਂ ਦਿੱਤੇ ਗਏ ਸਹਿਯੋਗ ਬਾਰੇ ਤੁਹਾਨੂੰ ਬਕਾਇਦਾ ਰਿਪੋਰਟ ਕਰਨੀ ਪੈ ਸਕਦੀ ਹੈ।

### ਘਰੇਲੂ ਸਹਾਇਤਾ

ਆਸਟ੍ਰੇਲੀਆ ਦੇ ਬਜ਼ੁਰਗਾਂ, ਅਪੰਗਤਾ ਵਾਲੇ ਲੋਕਾਂ ਅਤੇ ਸਾਬਕਾ ਫੌਜੀਆਂ ਨੂੰ ਘਰੇਲੂ ਕੰਮ ਵਿੱਚ ਸਹਾਇਤਾ ਕਰਨ ਵਾਲੀਆਂ ਭੂਮਿਕਾਵਾਂ ਹਨ, ਜੋ ਉਨ੍ਹਾਂ ਨੂੰ ਆਪਣੇ ਘਰ ਨੂੰ ਚਲਾਉਣ ਲਈ ਲੋੜੀਂਦੀਆਂ ਹਨ। ਇਸ ਵਿੱਚ ਸਫਾਈ, ਖਾਣਾ ਪਕਾਉਣਾ, ਘਰ ਦੀ ਦੇਖ-ਭਾਲ ਅਤੇ ਬਾਗਬਾਨੀ ਸ਼ਾਮਲ ਹੋ ਸਕਦੀ ਹੈ।

### ਸਹਿਯੋਗੀ ਸਿਹਤ ਜਾਂ ਹੋਰ ਵਿਸ਼ੇਸ਼ ਪੇਸ਼ੇਵਰ

ਸਹਿਯੋਗੀ ਸਿਹਤ ਜਾਂ ਹੋਰ ਯੋਗਤਾ ਪ੍ਰਾਪਤ ਪੇਸ਼ੇਵਰ ਆਮ ਤੌਰ ਤੇ ਕਿਸੇ ਵਿਸ਼ੇਸ਼ ਕਿਸਮ ਦੀ ਸਹਾਇਤਾ ਵਿੱਚ ਮੁਹਾਰਤ ਰੱਖਦੇ ਹਨ, ਅਤੇ ਉਨ੍ਹਾਂਕੋਲ ਆਮ ਤੌਰ ਤੇ ਯੂਨੀਵਰਸਿਟੀ ਡਿਗਰੀਆਂ ਵਰਗੀਆਂ ਵਾਧੂ ਯੋਗਤਾਵਾਂ ਹੋਣਗੀਆਂ।

ਇਹਨਾਂ ਭੂਮਿਕਾਵਾਂ ਵਿੱਚ ਜ਼ਿਆਦਾਤਰ ਸਹਿਯੋਗੀ ਸਿਹਤ ਪੇਸ਼ੇ ਸ਼ਾਮਲ ਹਨ, ਜਿਵੇਂ ਕਿ ਸਪੀਚ ਪੈਥੋਲੋਜਿਸਟ, ਕਿੱਤਾਕਾਰੀ ਚਿਕਿਤਸਕ, ਮਨੋਵਿਗਿਆਨੀ, ਸਮਾਜ ਸੇਵਕ, ਫਿਜ਼ੀਓਥੈਰੇਪਿਸਟ, ਵਿਵਹਾਰ ਸਹਾਇਤਾ ਮਾਹਰ, ਭੋਜਨ-ਮਾਹਰ ਅਤੇ ਸਲਾਹਕਾਰ।

### ਰਜਿਸਟਰਡ ਜਾਂ ਪੜ੍ਹ ਰਹੀਆਂ ਨਰਸਾਂ

ਰਜਿਸਟਰਡ ਜਾਂ ਪੜ੍ਹ ਰਹੀਆਂ ਨਰਸਾਂ ਲੋਕਾਂ ਨੂੰ ਨਰਸਿੰਗ ਵਾਲੀ ਦੇਖ-ਭਾਲ ਪ੍ਰਦਾਨ ਕਰਦੀਆਂ ਹਨ, ਜਿਵੇਂ ਕਿ ਇਲਾਜ ਜਾਂ ਦਵਾਈਆਂ ਦੇਣਾ, ਡਾਕਟਰੀ ਸਾਜ਼ੋ-ਸਾਮਾਨ ਚਲਾਉਣਾ, ਮਹੱਤਵਪੂਰਣ ਚਿੰਨ੍ਹਾਂ ਦੀ ਨਿਗਰਾਨੀ ਕਰਨਾ ਅਤੇ ਮੁੱਢਲੀ ਸਹਾਇਤਾ ਦੇਣਾ।

ਨਰਸਾਂ ਕੋਲ ਡਿਗਰੀ ਵਾਲੀਆਂ ਯੋਗਤਾਵਾਂ ਹੁੰਦੀਆਂ ਹਨ (ਪੜ੍ਹ ਰਹੀਆਂ ਨਰਸਾਂ ਲਈ  ਨਰਸਿੰਗ ਵਿੱਚ ਡਿਪਲੋਮਾ ਜਾਂ ਅਡਵਾਂਸਡ ਡਿਪਲੋਮਾ, ਅਤੇ ਰਜਿਸਟਰਡ ਨਰਸਾਂ ਲਈ  ਬੈਚੂਲਰ ਆਫ ਨਰਸਿੰਗ)। ਰਜਿਸਟਰਡ ਨਰਸਾਂ ਨੂੰ ਰਸਮੀ ਤੌਰ ਤੇ ਨਰਸਿੰਗ ਐਂਡ ਮਿਡਵਾਈਫਰੀ ਬੋਰਡ ਆਫ ਆਸਟ੍ਰੇਲੀਆ (Nursing and Midwifery Board of Australia) ਕੋਲ ਰਜਿਸਟਰ ਹੋਣਾ ਚਾਹੀਦਾ ਹੈ।

### ਹੋਰ ਭੂਮਿਕਾਵਾਂ

ਇੱਥੇ ਕਈ ਭੂਮਿਕਾਵਾਂ ਹਨ ਜੋ ਸਹਾਇਤਾ ਕਰਮਚਾਰੀਆਂ ਦੇ ਨਾਲ ਕੰਮ ਕਰਦੀਆਂ ਹਨ, ਜਿਵੇਂ ਕਿ ਸਹਾਇਤਾ ਕੋਆਰਡੀਨੇਟਰ ਅਤੇ ਵਕਾਲਤੀ ਕਰਮਚਾਰੀ।

ਮੈਨੇਜਰਾਂ, ਟੀਮ ਅਗੂਆਂ ਅਤੇ ਸੁਪਰਵਾਈਜ਼ਰਾਂ ਅਤੇ ਵਿੱਤ, ਮਨੁੱਖੀ ਸਰੋਤਾਂ (ਹਿਊਮਨ ਰਿਸੋਰਸਿਜ਼), ਸਵਾਗਤੀ ਡੈਸਕ,  ਡੇਟਾ ਐਂਟਰੀ ਅਤੇ ਸੇਵਾ ਪ੍ਰਦਾਤਿਆਂ ਲਈ ਹੋਰ ਕਾਰੋਬਾਰੀ ਖੇਤਰਾਂ ਵਿੱਚ ਕੰਮ ਕਰਨ ਵਾਲੇ ਪ੍ਰਸ਼ਾਸਕੀ ਕਰਮਚਾਰੀਆਂ ਲਈ ਵੀ ਨੌਕਰੀਆਂ ਉਪਲੱਬਧ ਹਨ।

## ਮੈਂ ਦੇਖ-ਭਾਲ ਅਤੇ ਸਹਾਇਤਾਖੇਤਰ ਵਿੱਚ ਕਿਵੇਂ ਅੰਦਰ ਆਵਾਂ?

ਦੇਖ-ਭਾਲ ਅਤੇ ਸਹਾਇਤਾ ਖੇਤਰ ਵਿੱਚ ਕੰਮ ਸ਼ੁਰੂ ਕਰਨ ਲਈ ਬਹੁਤ ਸਾਰੇ ਰਸਤੇ ਹਨ। ਹਾਲਾਂਕਿ ਕੁਝ ਭੂਮਿਕਾਵਾਂ, ਜਿਵੇਂ ਕਿ ਨਰਸਿੰਗ ਅਤੇ ਸਹਿਯੋਗੀ ਸਿਹਤ, ਨੂੰ ਰਸਮੀ ਯੋਗਤਾਵਾਂ ਦੀ ਲੋੜ ਹੁੰਦੀ ਹੈ, ਪਰ ਬਹੁਤ ਸਾਰੀਆਂ ਭੂਮਿਕਾਵਾਂ, ਜਿਵੇਂ ਕਿ ਸਹਾਇਤਾ ਕਰਮਚਾਰੀਆਂ, ਨੂੰ ਇਹਨਾਂ ਦੀ ਲੋੜ ਨਹੀਂ ਹੁੰਦੀ ਹੈ।

ਰੁਜ਼ਗਾਰਦਾਤਿਆਂ ਲਈ , ਅਕਸਰ ਸਹੀ ਵਿਅੱਕਤੀ ਨੂੰ ਲੱਭਣਾ ਓਨਾ ਹੀ ਮਹੱਤਵਪੂਰਣ ਹੋ ਸਕਦਾ ਹੈ ਜਿੰਨਾ ਸਹੀ ਯੋਗਤਾਵਾਂ ਵਾਲੇ ਕਿਸੇ  ਵਿਅੱਕਤੀ ਨੂੰ ਲੱਭਣਾ। ਤੁਹਾਡੇ ਨਿੱਜੀ ਗੁਣ, ਜਿਵੇਂ ਕਿ ਤੁਹਾਡੀ ਦਇਆ, ਲਚਕਤਾ ਅਤੇ ਪਹੁੰਚਯੋਗਤਾ, ਉਹ ਗੁਣ ਹਨ ਜੋ ਰੁਜ਼ਗਾਰਦਾਤੇ ਲੱਭਦੇਹਨ, ਅਤੇ ਤੁਹਾਨੂੰ ਇਸ ਕੰਮ ਲਈ ਇੱਕ  ਸਹੀ  ਵਿਅੱਕਤੀ ਬਣਾ ਦੇਣਗੇ।

ਜੇ ਤੁਸੀਂ ਵਿਭਿੰਨ ਪਿਛੋਕੜ ਵਾਲੇ ਹੋ, ਤਾਂ ਹੋ ਸਕਦਾ ਹੈ ਤੁਸੀਂ ਆਪਣੀ ਭਾਸ਼ਾ ਦੇ ਹੁਨਰਾਂ ਅਤੇ ਸਭਿਆਚਾਰਕ ਗਿਆਨ ਦੀ ਵਰਤੋਂ ਉਸੇ ਜਾਂ ਇਸੇ ਤਰ੍ਹਾਂ ਦੇ ਪਿਛੋਕੜ ਵਾਲੇ ਲੋਕਾਂ ਨੂੰ ਦੇਖ-ਭਾਲ ਅਤੇ ਸਹਾਇਤਾ ਦੇਣ  ਦੇ ਯੋਗ ਹੋਵੋ।

ਕੁਝ ਭੂਮਿਕਾਵਾਂ ਲਈ , ਤੁਹਾਨੂੰ ਇੱਕ ਕਰਮਚਾਰੀ ਛਾਣਬੀਣ ਵਾਲੀ ਜਾਂਚ ਦੀ ਲੋੜ ਪੈ ਸਕਦੀ ਹੈ, ਜਿਸ ਲਈ ਪੁਲਿਸ ਪਿਛੋਕੜਜਾਂਚ ਦੀ ਲੋੜ ਹੁੰਦੀ ਹੈ। ਤੁਹਾਡੀ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਲਈ ਇਸਦਾ ਪ੍ਰਬੰਧ ਕਰ ਸਕਦਾ ਹੈ। ਤੁਹਾਨੂੰ ਮੁੱਢਲੀ ਸਹਾਇਤਾ (ਫਸਟ ਏਡ) ਸਰਟੀਫਿਕੇਟ ਅਤੇ ਡਰਾਈਵਰ ਲਾਇਸੰਸ ਦੀ ਵੀ ਲੋੜ ਪੈ ਸਕਦੀ ਹੈ।

ਬਹੁਤ ਸਾਰੇ ਰੁਜ਼ਗਾਰਦਾਤੇ ਉਨ੍ਹਾਂ ਲੋਕਾਂ ਲਈ ਨੌਕਰੀ 'ਤੇ ਸਿਖਲਾਈ ਦਿੰਦੇ ਹਨ ਜਿੰਨ੍ਹਾਂ ਕੋਲ ਕੋਈ ਤਜ਼ਰਬਾ ਨਹੀਂ ਹੁੰਦਾ। ਕੰਮ 'ਤੇ ਵਾਪਸ ਆਉਣ ਵਾਲੇ ਲੋਕਾਂ ਲਈ, ਜਾਂ ਕੈਰੀਅਰ ਵਿੱਚ ਤਬਦੀਲੀ ਦੀ ਇੱਛਾ ਲਈ, ਤੁਸੀਂ ਅਕਸਰ ਪਹਿਲਾਂ ਸਿੱਖੇ ਅਤੇ ਤਜ਼ਰਬੇ ਨੂੰ ਮਾਨਤਾ ਦਿਵਾ ਸਕਦੇ ਹੋ। ਹੁਨਰ ਨੂੰ ਵਧਾਉਣ, ਜਾਂ ਲੋੜ ਪੈਣ ਤੇ ਆਪਣੀ ਨੌਕਰੀ ਲੈਣ ਦੀ ਤਿਆਰੀ ਕਰਨ ਅਤੇ ਸੰਖਿਆ ਅਤੇ ਸਾਖਰਤਾ ਹੁਨਰਾਂ ਵਿੱਚ ਸੁਧਾਰ ਕਰਨ ਲਈ ਬਹੁਤ ਸਾਰੇ ਵਿਕਲਪ ਹਨ।

ਹੋਰ ਜਾਣਨ ਲਈ, https://www.careandsupportjobs.gov.au/skills-and-training 'ਤੇ ਜਾਓ

## ਦੇਖ-ਭਾਲ ਅਤੇ ਸਹਾਇਤਾ ਖੇਤਰ, ਵਿਭਿੰਨਤਾ ਦਾ ਸਵਾਗਤ ਕਰਦਾ ਹੈ

ਦੇਖ-ਭਾਲ ਅਤੇ ਸਹਾਇਤਾ ਖੇਤਰ ਕਈ ਵੱਖ-ਵੱਖ ਸਥਿਤੀਆਂ ਅਤੇ ਕਈ ਪਿਛੋਕੜਾਂ ਵਾਲੇ ਲੋਕਾਂ ਲਈ ਸਹੀ ਹੋ ਸਕਦਾ ਹੈ। ਹੋ ਸਕਦਾ ਹੈ ਤੁਸੀਂ ਸਕੂਲ ਛੱਡ ਰਹੇ ਹੋਵੋ, ਕੰਮ 'ਤੇ ਵਾਪਸੀ ਬਾਰੇ ਵਿਚਾਰ ਕਰ ਰਹੇ ਹੋਵੋ, ਕੈਰੀਅਰ ਵਿੱਚ ਤਬਦੀਲੀ ਬਾਰੇ ਸੋਚ ਰਹੇ ਹੋਵੋ, ਜਾਂ ਬੱਸ ਅਜਿਹੀ ਨੌਕਰੀ ਲੱਭਣਾ ਚਾਹੁੰਦੇ ਹੋ ਜੋ ਤੁਹਾਡੀਆਂ ਕਦਰਾਂ-ਕੀਮਤਾਂ ਨਾਲ ਬਿਹਤਰ ਮੇਲ ਖਾਂਦੀ ਹੈ ਅਤੇ ਤੁਹਾਨੂੰ ਵਧੇਰੇ ਸੰਤੁਸ਼ਟੀ ਦੀ ਭਾਵਨਾ ਦਿੰਦੀ ਹੈ।

ਤੁਹਾਡੇ ਹੁਨਰਾਂ ਅਤੇ ਤਜ਼ਰਬੇ ਨੂੰ ਅਕਸਰ ਰਸਮੀ ਤੌਰ ਤੇ ਮਾਨਤਾ ਦਿੱਤੀ ਜਾ ਸਕਦੀ ਹੈ। ਅਤੇ ਤੁਹਾਡੇ ਨਿੱਜੀ ਤਜ਼ਰਬੇ ਅਤੇ ਪਿਛੋਕੜ ਤੁਹਾਨੂੰ ਉਨ੍ਹਾਂ ਲੋਕਾਂ ਨਾਲ ਵਧੇਰੇ ਸਾਰਥਕ ਸਬੰਧ ਪ੍ਰਦਾਨ ਕਰ ਸਕਦੇ ਹਨ ਜਿੰਨ੍ਹਾਂ ਦੀ ਤੁਸੀਂ ਸਹਾਇਤਾ ਕਰਦੇ ਹੋ।

## ਨੌਕਰੀ ਲੱਭੋ

ਦੇਖ-ਭਾਲ ਅਤੇ ਸਹਾਇਤਾਖੇਤਰ ਬਾਰੇ ਹੋਰ ਜਾਣਨ ਲਈ, ਅਤੇ ਇਸ ਸਮੇਂ ਉਪਲੱਬਧ ਨੌਕਰੀਆਂ ਲੱਭਣ ਲਈ,www.careandsupportjobs.gov.au 'ਤੇ ਜਾਓ।